ਮਿੱਠੇ ਬੱਚੇ:- ਯੋਗ ਦੁਆਰਾ ਤੱਤਵਾਂ ਨੂੰ ਪਾਵਨ ਬਣਾਉਣ ਦੀ ਸੇਵਾ ਕਰੋ ਕਿਉਂਕਿ ਜਦ ਤੱਤਵ ਪਾਵਨ ਬਣਨਗੇ ਉਦੋਂ ਇਸ ਸ੍ਰਿਸ਼ਟੀ ਤੇ ਦੇਵਤੇ ਪੈਰ ਰੱਖਣਗੇ"

ਪ੍ਰਸ਼ਨ:- ਤੁਹਾਡੀ ਨਵੀਂ ਰਾਜਧਾਨੀ ਵਿੱਚ ਕਿਸੇ ਵੀ ਤਰ੍ਹਾਂ ਦੀ ਅਸ਼ਾਂਤੀ ਨਹੀਂ ਹੋ ਸਕਦੀ ਹੈ - ਕਿਓਂ?

ਉੱਤਰ:- 1. ਕਿਉਂਕਿ ਉਹ ਰਾਜਾਈ ਤੁਹਾਨੂੰ ਬਾਪ ਕੋਲੋਂ ਵਰਸੇ ਵਿੱਚ ਮਿਲੀ ਹੋਈ ਹੈ, 2. ਵਰਦਾਤਾ ਬਾਪ ਨੇ ਤੁਹਾਨੂੰ ਬੱਚਿਆਂ ਨੂੰ ਹੁਣੇ ਹੀ ਵਰਦਾਨ ਮਤਲਬ ਵਰਸਾ ਦੇ ਦਿੱਤਾ ਹੈ, ਜਿਸ ਕਾਰਨ ਉੱਥੇ ਅਸ਼ਾਂਤੀ ਹੋ ਨਹੀਂ ਸਕਦੀ। ਤੁਸੀਂ ਬਾਪ ਦਾ ਬਣਦੇ ਹੋ ਤਾਂ ਸਾਰਾ ਵਰਸਾ ਲੈ ਲੈਂਦੇ ਹੋ।

ਓਮ ਸ਼ਾਂਤੀ। ਬੱਚੇ ਤਾਂ ਜਾਣਦੇ ਹਨ, ਜਿਸਦੇ ਅਸੀਂ ਬੱਚੇ ਹਾਂ, ਉਨ੍ਹਾਂਨੂੰ ਸੱਚਾ ਸਾਹਿਬ ਵੀ ਕਹਿੰਦੇ ਹਨ ਇਸ ਲਈ ਅੱਜਕਲ੍ਹ ਤੁਹਾਨੂੰ ਬੱਚਿਆਂ ਨੂੰ ਸਹਿਬਜ਼ਾਦੇ ਵੀ ਕਹਿੰਦੇ ਹਨ। ਸੱਚ ਦੇ ਉੱਤੇ ਵੀ ਇੱਕ ਪੌੜ੍ਹੀ ਹੈ - ਸੱਚ ਖਾਣਾ, ਸੱਚ ਪਹਿਨਣਾ। ਭਾਵੇਂ ਇਹ ਮਨੁੱਖਾਂ ਦੀ ਬਣਾਈ ਹੋਈ ਹੈ ਪ੍ਰੰਤੂ ਇਹ ਬਾਪ ਬੈਠ ਸਮਝਾਉਂਦੇ ਹਨ। ਬੱਚੇ ਜਾਣਦੇ ਹਨ ਉੱਚੇ ਤੋਂ ਉੱਚਾ ਬਾਪ ਹੀ ਹੈ ਜਿਸਦੀ ਬੜੀ ਮਹਿਮਾ ਹੈ, ਜਿਸ ਨੂੰ ਰਚਿਯਤਾ

ਵੀ ਕਹਿੰਦੇ ਹਨ। ਪਹਿਲਾਂ - ਪਹਿਲਾਂ ਹੈ ਬੱਚਿਆਂ ਦੀ ਰਚਨਾ। ਬਾਪ ਦੇ ਬੱਚੇ ਹਨ ਨਾ। ਸਾਰੀਆਂ ਆਤਮਾਵਾਂ ਬਾਪ ਦੇ ਨਾਲ ਰਹਿੰਦੀਆਂ ਹਨ। ਉਸਨੂੰ ਕਿਹਾ ਜਾਂਦਾ ਹੈ ਬਾਪ ਦਾ ਘਰ ਸਵੀਟ ਹੋਮ। ਇਹ ਕੋਈ ਹੋਮ ਨਹੀਂ। ਬੱਚਿਆਂ ਨੂੰ ਪਤਾ ਹੈ ਉਹ ਸਾਡਾ ਸਵੀਟੈਸਟ ਬਾਪ ਹੈ। ਸਵੀਟ ਹੋਮ ਹੈ ਸ਼ਾਂਤੀਧਾਮ। ਫੇਰ ਸਤਿਯੁਗ ਵੀ ਸਵੀਟ ਹੋਮ ਹੈ ਕਿਉਂਕਿ ਉੱਥੇ ਹਰ ਘਰ ਵਿੱਚ ਸ਼ਾਂਤੀ ਰਹਿੰਦੀ ਹੈ। ਇੱਥੇ ਘਰ ਵਿੱਚ ਲੌਕਿਕ ਮਾਂ - ਬਾਪ ਦੇ ਕੋਲ ਵੀ ਅਸ਼ਾਂਤੀ ਹੈ ਤੇ ਦੁਨੀਆਂ ਵਿੱਚ ਵੀ ਅਸ਼ਾਂਤੀ ਹੈ। ਉੱਥੇ ਤਾਂ ਘਰ ਵਿੱਚ ਵੀ ਸ਼ਾਂਤੀ ਅਤੇ ਸਾਰੀ ਦੁਨੀਆਂ ਵਿੱਚ ਵੀ ਸ਼ਾਂਤੀ ਰਹਿੰਦੀ ਹੈ। ਸਤਿਯੁਗ ਨੂੰ ਨਵੀਂ ਛੋਟੀ ਦੁਨੀਆਂ ਕਹਾਂਗੇ। ਇਹ ਪੁਰਾਣੀ ਕਿੰਨੀ ਵੱਡੀ ਦੁਨੀਆਂ ਹੈ। ਸਤਿਯੁਗ ਵਿੱਚ ਸੁੱਖ - ਸ਼ਾਂਤੀ ਹੈ। ਕੋਈ ਹੰਗਾਮੇ ਦੀ ਗੱਲ ਨਹੀਂ ਕਿਉਂਕਿ ਬੇਹੱਦ ਦੇ ਬਾਪ ਤੋਂ ਸ਼ਾਂਤੀ ਦਾ ਵਰਸਾ ਮਿਲਿਆ ਹੋਇਆ ਹੈ। ਗੁਰੂ ਗੋਸਾਈਂ ਅਸ਼ੀਰਵਾਦ ਦਿੰਦੇ ਹਨ - ਪੁੱਤਰਵਾਨ ਭਵ, ਆਯੂਸ਼ਮਾਨ ਭਵ। ਇਹ ਕੋਈ ਨਵੀਂ ਅਸ਼ੀਰਵਾਦ ਨਹੀਂ ਦਿੰਦੇ ਹਨ। ਬਾਪ ਕੋਲੋਂ ਤਾਂ ਆਟੋਮੈਟਿਕਲੀ ਵਰਸਾ ਮਿਲਦਾ ਹੈ। ਹੁਣ ਬਾਪ ਨੇ ਤੁਹਾਨੂੰ ਬੱਚਿਆਂ ਨੂੰ ਯਾਦ ਕਰਵਾਇਆ ਹੈ। ਜਿਸ ਪਾਰਲੌਕਿਕ ਬਾਪ ਨੂੰ ਭਗਤੀ ਮਾਰਗ ਵਿੱਚ ਸਾਰੇ ਧਰਮਾਂ ਵਾਲੇ ਯਾਦ ਕਰਦੇ ਹਨ, ਜਦੋਂ ਦੁੱਖ ਦੀ ਦੁਨੀਆਂ ਹੁੰਦੀ ਹੈ। ਇਹ ਹੈ ਹੀ ਪਤਿਤ ਪੁਰਾਣੀ ਦੁਨੀਆਂ। ਨਵੀਂ ਦੁਨੀਆਂ ਵਿੱਚ ਸੁੱਖ ਹੁੰਦਾ ਹੈ, ਅਸ਼ਾਂਤੀ ਦਾ ਨਾਮ ਨਹੀਂ। ਹੁਣ ਤੁਸੀਂ ਬੱਚਿਆਂ ਨੇ ਤਾਂ ਪਵਿੱਤਰ ਗੁਣਵਾਨ ਬਣਨਾ ਹੈ। ਨਹੀਂ ਤਾਂ ਬਹੁਤ ਸਜ਼ਾਵਾਂ ਖਾਣੀਆਂ ਪੈਣਗੀਆਂ। ਬਾਪ ਦੇ ਨਾਲ - ਨਾਲ ਧਰਮਰਾਜ ਵੀ ਹੈ ਹਿਸਾਬ - ਕਿਤਾਬ ਚੁਕਤੂ ਕਰਵਾਉਣ ਵਾਲਾ। ਟ੍ਰਿਬਿਊਨਲ ਬੈਠਦੀ ਹੈ ਨਾ। ਪਾਪਾਂ ਦੀਆਂ ਸਜਾਵਾਂ ਤਾਂ ਜ਼ਰੂਰ ਮਿਲਨੀਆਂ ਹਨ। ਜੋ ਚੰਗੀ ਤਰ੍ਹਾਂ ਮੇਹਨਤ ਕਰਦੇ ਹਨ, ਉਹ ਥੋੜ੍ਹੀ ਨਾ ਸਜ਼ਾਵਾਂ ਖਾਣਗੇ। ਪਾਪ ਦੀ ਸਜ਼ਾ ਮਿਲਦੀ ਹੈ, ਜਿਸਨੂੰ ਕਰਮਭੋਗ ਕਿਹਾ ਜਾਂਦਾ ਹੈ। ਇਹ ਤਾਂ ਰਾਵਣ ਦਾ ਪਰਾਇਆ ਰਾਜ ਹੈ, ਇਸ ਵਿੱਚ ਅਪਾਰ ਦੁੱਖ ਹਨ। ਰਾਮਰਾਜ ਵਿੱਚ ਅਪਾਰ ਸੁੱਖ ਹੁੰਦੇ ਹਨ। ਤੁਸੀਂ ਸਮਝਾਉਂਦੇ ਤਾਂ ਬਹੁਤਿਆਂ ਨੂੰ ਹੋ ਫੇਰ ਕੋਈ ਝਟ ਸਮਝ ਜਾਂਦੇ ਹਨ ਅਤੇ ਕੋਈ ਦੇਰ ਨਾਲ ਸਮਝਦੇ ਹਨ। ਘੱਟ ਸਮਝਦੇ ਹਨ ਤਾਂ ਸਮਝੋ ਇਸਨੇ ਭਗਤੀ ਦੇਰੀ ਨਾਲ ਕੀਤੀ ਹੈ। ਜਿਸਨੇ ਸ਼ੁਰੂ ਵਿੱਚ ਭਗਤੀ ਕੀਤੀ ਹੈ, ਉਹ ਗਿਆਨ ਨੂੰ ਵੀ ਜਲਦੀ ਸਮਝ ਲੈਣ ਗੇ ਕਿਉਂਕਿ ਉਨ੍ਹਾਂਨੇ ਅੱਗੇ ਨੰਬਰ ਵਿੱਚ ਜਾਨਾਂ ਹੈ।

ਤੁਸੀਂ ਜਾਣਦੇ ਹੋ ਅਸੀਂ ਆਤਮਾਵਾਂ ਸਵੀਟ ਹੋਮ ਤੋਂ ਇੱਥੇ ਆਈਆਂ ਹਾਂ। ਸਾਈਲੈਂਸ, ਮੂਵੀ, ਟਾਕੀ ਹੈ ਨਾ। ਬੱਚੇ ਧਿਆਨ ਵਿੱਚ ਜਾਂਦੇ ਹਨ ਤਾਂ ਸੁਣਾਉਂਦੇ ਹਨ ਕਿ ਉੱਥੇ ਮੂਵੀ ਚਲਦੀ ਹੈ। ਉਸਦਾ ਕੋਈ ਗਿਆਨ ਮਾਰਗ ਨਾਲ ਤਾਲੁਕ ਨਹੀਂ। ਮੁੱਖ ਗੱਲ ਹੈ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ, ਬਸ ਹੋਰ ਕੋਈ ਗੱਲ ਨਹੀਂ। ਬਾਪ ਨਿਰਕਾਰ, ਬੱਚੇ ਵੀ ਯਾਨੀ ਆਤਮਾ ਵੀ ਇਸ ਸ਼ਰੀਰ ਵਿੱਚ ਨਿਰਾਕਾਰ ਹੈ, ਹੋਰ ਕੋਈ ਗੱਲ ਹੀ ਨਹੀਂ ਉਠਦੀ। ਆਤਮਾ ਦਾ ਲਵ ਤੇ ਇੱਕ ਪਰਮਪਿਤਾ ਪਰਮਾਤਮਾ ਦੇ ਨਾਲ ਹੀ ਹੈ। ਸ਼ਰੀਰ ਤਾਂ ਸਾਰੇ ਪਤਿਤ ਹਨ। ਤਾਂ ਪਤਿਤ ਸ਼ਰੀਰ ਨਾਲ ਲਵ ਹੋ ਨਾ ਸਕੇ। ਆਤਮਾ ਭਾਵੇਂ ਪਾਵਨ ਬਣ ਜਾਂਦੀ ਹੈ ਪਰ ਸ਼ਰੀਰ ਤੇ ਪਤਿਤ ਹੈ। ਪਤਿਤ ਦੁਨੀਆਂ ਵਿੱਚ ਸ਼ਰੀਰ ਪਾਵਨ ਬਣਦਾ ਹੀ ਨਹੀਂ। ਆਤਮਾ ਨੂੰ ਤਾਂ ਪਾਵਨ ਇੱਥੇ ਬਣਨਾ ਹੈ, ਫੇਰ ਇਨ੍ਹਾਂ ਪੁਰਾਣੀਆਂ ਸ਼ਰੀਰਾਂ ਦਾ ਵਿਨਾਸ਼ ਹੋਵੇਗਾ। ਆਤਮਾ ਤੇ ਅਵਿਨਾਸ਼ੀ ਹੈ। ਆਤਮਾ ਦਾ ਕੰਮ ਹੈ ਬੇਹੱਦ ਦੇ ਬਾਪ ਨੂੰ ਯਾਦ ਕਰ ਪਾਵਨ ਬਣਨਾ। ਆਤਮਾ ਪਵਿੱਤਰ ਹੈ ਤਾਂ ਸ਼ਰੀਰ ਵੀ ਪਵਿੱਤਰ ਚਾਹੀਦਾ ਹੈ। ਉਹ ਮਿਲੇਗਾ ਨਵੀਂ ਦੁਨੀਆਂ ਵਿੱਚ। ਆਤਮਾ ਭਾਵੇਂ ਪਾਵਨ ਬਣ ਜਾਵੇ, ਆਤਮਾ ਨੂੰ ਇੱਕ ਪਰਮਪਿਤਾ ਪਰਮਾਤਮਾ ਦੇ ਨਾਲ ਹੀ ਯੋਗ ਲਗਾਉਣਾ ਹੈ। ਬਸ, ਇਸ ਪਤਿਤ ਸ਼ਰੀਰ ਨੂੰ ਤਾਂ ਟੱਚ ਵੀ ਨਹੀਂ ਕਰਨਾ ਹੈ। ਇਹ ਆਤਮਾਵਾਂ ਨਾਲ ਬਾਪ ਗੱਲ ਕਰਦੇ ਹਨ। ਸਮਝਣ ਦੀਆਂ ਗੱਲਾਂ ਹਨ ਨਾ। ਸਤਿਯੁਗ ਤੋਂ ਲੈਕੇ ਕਲਯੁਗ ਤੱਕ ਸ਼ਰੀਰਾਂ ਦੇ ਨਾਲ ਲਟਕੇ ਹੋ। ਭਾਵੇਂ ਆਤਮਾ ਅਤੇ ਸ਼ਰੀਰ ਦੋਵੇਂ ਉੱਥੇ ਪਵਿੱਤਰ ਹਨ, ਉੱਥੇ ਵਿਕਾਰ ਵਿੱਚ ਜਾਂਦੇ ਨਹੀਂ, ਜਿਸ ਨਾਲ ਸ਼ਰੀਰ ਅਤੇ ਆਤਮਾ ਵਿਕਾਰੀ ਬਣੇ। ਵਲਭਾਚਾਰੀ ਵੀ ਹੁੰਦੇ ਹਨ, ਟੱਚ ਕਰਨ ਨਹੀਂ ਦਿੰਦੇ। ਤੁਸੀਂ ਜਾਣਦੇ ਹੋ ਉਨ੍ਹਾਂ ਦੀ ਆਤਮਾ ਕੋਈ ਨਿਰਵਿਕਾਰੀ ਪਵਿੱਤਰ ਨਹੀਂ ਹੁੰਦੀ। ਉਹ ਇੱਕ

ਵਲਭਾਚਾਰੀ ਪੰਥ ਹੈ ਜੋ ਆਪਣੇ ਨੂੰ ਉੱਚ ਕੁੱਲ ਵਾਲੇ ਸਮਝਦੇ ਹਨ, ਸ਼ਰੀਰ ਨੂੰ ਵੀ ਟੱਚ ਕਰਨ ਨਹੀਂ ਦਿੰਦੇ ਹਨ। ਇਹ ਨਹੀਂ ਸਮਝਦੇ ਕਿ ਅਸੀਂ ਵਿਕਾਰੀ ਅਪਵਿੱਤਰ ਹਾਂ, ਸ਼ਰੀਰ ਤਾਂ ਭ੍ਰਿਸ਼ਟਾਚਾਰ ਤੋਂ ਪੈਦਾ ਹੋਇਆ ਹੈ। ਇਹ ਗੱਲਾਂ ਤੁਸੀਂ ਆਕੇ ਸਮਝਾਉਂਦੇ ਹੋ ਆਤਮਾ ਪਾਵਨ ਬਣਦੀ ਜਾਂਦੀ ਹੈ ਤਾਂ ਫੇਰ ਸ਼ਰੀਰ ਵੀ ਬਦਲੀ ਕਰਨਾ ਪਵੇ। ਪਾਵਨ ਸ਼ਰੀਰ ਤਾਂ ਉਦੋਂ ਬਣੇ ਜਦੋਂ 5 ਤੱਤਵ ਵੀ ਪਾਵਨ ਬਣ ਜਾਣ। ਸਤਿਯੁਗ ਵਿੱਚ ਤੱਤਵ ਵੀ ਪਵਿੱਤਰ ਹੁੰਦੇ ਹਨ, ਫੇਰ ਸ਼ਰੀਰ ਵੀ ਪਵਿੱਤਰ ਬਣਦੇ ਹਨ। ਦੇਵਤੇ ਪਤਿਤ ਸ਼ਰੀਰ ਵਿੱਚ, ਪਤਿਤ ਧਰਨੀ ਤੇ ਪੈਰ ਨਹੀਂ ਰੱਖਦੇ ਹਨ। ਉਨ੍ਹਾਂ ਦੀ ਆਤਮਾ ਅਤੇ ਸ਼ਰੀਰ ਦੋਵੇਂ ਪਾਵਨ ਹੁੰਦੇ ਹਨ। ਇਸ ਲਈ ਉਹ ਸਤਿਯੁਗ ਵਿੱਚ ਹੀ ਪੈਰ ਰੱਖਦੇ ਹਨ। ਇਹ ਹੈ ਪਤਿਤ ਦੁਨੀਆਂ। ਆਤਮਾ ਪਾਰਲੌਕਿਕ ਬਾਪ ਪਰਮਾਤਮਾ ਨੂੰ ਯਾਦ ਕਰਦੀ ਹੈ। ਇੱਕ ਹੈ ਸ਼ਰੀਰਕ ਬਾਪ, ਇੱਕ ਹੈ ਅਸ਼ਰੀਰੀ ਬਾਪ। ਅਸ਼ਰੀਰੀ ਬਾਪ ਨੂੰ ਯਾਦ ਕਰਦੇ ਹਾਂ ਕਿਉਂਕਿ ਉਨ੍ਹਾਂ ਤੋਂ ਅਜਿਹਾ ਸੁੱਖ ਦਾ ਵਰਸਾ ਜ਼ਰੂਰ ਮਿਲਿਆ ਹੈ ਤਾਂ ਯਾਦ ਕਰਨ ਬਿਨਾਂ ਰਹਿ ਨਹੀਂ ਸਕਦੇ। ਭਾਵੇਂ ਇਸ ਵਕ਼ਤ ਤਮੋਪ੍ਰਧਾਨ ਬਣੇ ਹਾਂ, ਤਾਂ ਵੀ ਉਸ ਬਾਪ ਨੂੰ ਜ਼ਰੂਰ ਯਾਦ ਕਰਦੇ ਹਾਂ। ਪਰੰਤੂ ਇਹ ਫੇਰ ਉਲਟੀ ਸਿੱਖਿਆ ਮਿਲਦੀ ਹੈ ਕਿ ਈਸ਼ਵਰ ਸਰਵਵਿਆਪੀ ਹੈ। ਫੇਰ ਇਸ ਗੱਲ ਵਿੱਚ ਵੀ ਮੁੰਝ ਜਾਂਦੇ ਹਨ ਕਿ ਮਨੁੱਖ, ਮਨੁੱਖ ਹੀ ਬਣਦਾ ਹੈ। ਇਹ ਸਭ ਭੁੱਲਾਂ ਬਾਪ ਆਕੇ ਸਮਝਾਉਂਦੇ ਹਨ। ਬਾਪ ਇੱਕ ਹੀ ਮਨਮਨਾਭਵ ਦਾ ਮੰਤਰ ਦਿੰਦੇ ਹਨ, ਉਸ ਦਾ ਵੀ ਅਰਥ ਚਾਹੀਦਾ ਹੈ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਬਸ, ਇਹ ਹੀ ਧੁਨ ਲਗੀ ਰਹੇ ਜਿਸ ਨਾਲ ਤੁਸੀਂ ਪਾਵਨ ਬਣ ਸਕੋਗੇ। ਦੇਵਤੇ ਪਵਿੱਤਰ ਹਨ। ਹੁਣ ਬਾਪ ਆਕੇ ਫੇਰ ਤੋਂ ਅਜਿਹਾ ਪਵਿੱਤਰ ਬਣਾਉਂਦੇ ਹਨ। ਸਾਮਣੇ ਏਮ ਆਬਜੈਕਟ ਰੱਖ ਦਿੰਦੇ ਹਨ, ਜੋ ਬੁੱਤ ( ਮੂਰਤੀ ) ਬਣਾਉਣ ਵਾਲੇ ਹੁੰਦੇ ਹਨ, ਮਨੁੱਖ ਦੀ ਸ਼ਕਲ ਵੇਖ ਝਟ ਉਨ੍ਹਾਂ ਦਾ ਬੁੱਤ ਬਣਾ ਦਿੰਦੇ ਹਨ। ਜਿਵੇਂਕਿ ਉਹ ਜਿਉਂਦਾ ਜਾਗਦਾ ਸਾਮਣੇ ਬੈਠਾ ਹੈ। ਉਹ ਤਾਂ ਜੜ੍ਹ ਬੁੱਤ ਹੋ ਜਾਂਦੇ ਹਨ। ਇੱਥੇ ਬਾਪ ਤੁਹਾਨੂੰ ਕਹਿੰਦੇ ਹਨ - ਤੁਹਾਨੂੰ ਅਜਿਹਾ ਚੇਤੰਨ ਲਕਸ਼ਮੀ - ਨਾਰਾਇਣ ਬਣਨਾ ਹੈ। ਕਿਵੇਂ ਬਣੋਗੇ। ਮਨੁੱਖ ਤੋਂ ਦੇਵਤਾ ਤੁਸੀਂ ਇਸ ਪੜ੍ਹਾਈ ਅਤੇ ਪਿਓਰਟੀ ਨਾਲ ਬਣੋਗੇ। ਇਹ ਸਕੂਲ ਹੈ ਹੀ ਮਨੁੱਖ ਤੋਂ ਦੇਵਤਾ ਬਣਨ ਦਾ। ਉਹ ਜੋ ਬੁੱਤ ਆਦਿ ਬਣਾਉਂਦੇ ਹਨ, ਉਸਨੂੰ ਆਰਟ ਕਿਹਾ ਜਾਂਦਾ ਹੈ। ਹੂਬਹੂ ਉਹੀ ਸ਼ਕਲ ਆਦਿ ਬਣਾਉਂਦੇ ਹਨ ਇਸ ਵਿੱਚ ਹੂਬਹੂ ਦੀ ਤਾਂ ਗੱਲ ਹੀ ਨਹੀਂ। ਇਹ ਤਾਂ ਜੜ੍ਹ ਚਿੱਤਰ ਹਨ, ਉੱਥੇ ਤਾਂ ਤੁਸੀਂ ਕੁਦਰਤੀ ਚੇਤੰਨ ਬਣੋਗੇ ਨਾ। 5 ਤਤਵਾਂ ਦਾ ਚੇਤੰਨ ਸ਼ਰੀਰ ਹੋਵੇਗਾ। ਇਹ ਤਾਂ ਜੜ੍ਹ ਚਿੱਤਰ ਮਨੁੱਖ ਦਾ ਬਣਾਇਆ ਹੋਇਆ ਹੈ। ਹੂਬਹੂ ਤਾਂ ਹੋ ਨਾ ਸਕੇ ਕਿਉਂਕਿ ਦੇਵਤਿਆਂ ਦਾ ਫ਼ੋਟੋ ਤਾਂ ਨਿਕਲ ਨਾ ਸਕੇ। ਧਿਆਨ ਵਿੱਚ ਭਾਵੇਂ ਸਾਕਸ਼ਤਕਾਰ ਕਰਦੇ ਹਨ ਪ੍ਰੰਤੂ ਫ਼ੋਟੋ ਤਾਂ ਨਿਕਲ ਨਾ ਸਕੇ। ਕਹਿਣਗੇ ਅਸੀਂ ਅਜਿਹਾ ਦੀਦਾਰ ਕੀਤਾ। ਚਿੱਤਰ ਤਾਂ ਨਾ ਆਪ ਨਾ ਕੋਈ ਹੋਰ ਬਣਾ ਸਕੇਂ। ਖ਼ੁਦ ਅਜਿਹਾ ਉਦੋਂ ਬਣੋਗੇ ਜਦੋਂ ਬਾਪ ਤੋਂ ਨਾਲੇਜ ਲੈਕੇ ਪੂਰੀ ਕਰੋਗੇ, ਤਾਂ ਹੂਬਹੂ ਕਲਪ ਪਹਿਲੇ ਦੀ ਤਰ੍ਹਾਂ ਬਣਾਂਗੇ। ਇਹ ਕਿਵੇਂ ਦਾ ਕੁਦਰਤੀ ਵੰਡਰਫੁਲ ਡਰਾਮਾ ਹੈ। ਬਾਪ ਬੈਠ ਇਹ ਕੁਦਰਤੀ ਗੱਲਾਂ ਸਮਝਾਉਂਦੇ ਹਨ। ਮਨੁੱਖਾਂ ਨੂੰ ਤਾਂ ਇਹ ਗੱਲਾਂ ਖ਼ਿਆਲ ਵਿੱਚ ਵੀ ਨਹੀਂ ਰਹਿੰਦੀਆਂ ਹਨ। ਉਨ੍ਹਾਂ ਦੇ ਅੱਗੇ ਜਾਕੇ ਮੱਥਾ ਟੇਕਦੇ ਹਨ, ਸਮਝਦੇ ਹਨ, ਇਹ ਰਾਜ ਕਰਕੇ ਗਏ ਹਨ। ਪ੍ਰੰਤੂ ਕਦੋਂ? ਇਹ ਪਤਾ ਨਹੀ ਹੈ। ਫੇਰ ਕਦੋਂ ਆਉਣਗੇ ਅਤੇ ਕੀ ਕਰਨਗੇ, ਕੁਝ ਪਤਾ ਨਹੀਂ। ਤੁਸੀਂ ਜਾਣਦੇ ਹੋ ਸੂਰਜਵੰਸ਼ੀ, ਚੰਦ੍ਰਵਨਸ਼ੀ ਜੋ ਹੋਕੇ ਗਏ ਹਨ, ਉਹ ਹੂਬਹੂ ਫੇਰ ਤੋਂ ਬਣਨਗੇ ਜ਼ਰੂਰ, ਇਸ ਨਾਲੇਜ ਨਾਲ। ਵੰਡਰ ਹੈ ਨਾ! ਤਾਂ ਹੁਣ ਬਾਪ ਸਮਝਾਉਂਦੇ ਹਨ - ਅਜਿਹਾ ਪੁਰਸ਼ਾਰਥ ਕਰਨ ਨਾਲ ਤੁਸੀਂ ਸੋ ਦੇਵਤਾ ਬਣੋਗੇ। ਐਕਟਵੀਟੀ ਉਹ ਹੀ ਚਲੇਗੀ ਜੋ ਸਤਿਯੁਗ - ਤ੍ਰੇਤਾ ਵਿੱਚ ਚਲੀ ਹੈ। ਕਿੰਨਾ ਵੰਡਰਫੁਲ ਗਿਆਨ ਹੈ। ਇਹ ਬੁੱਧੀ ਵਿੱਚ ਠਹਿਰੇ ਵੀ ਉਦੋਂ ਜਦੋਂ ਦਿਲ ਦੀ ਸਫ਼ਾਈ ਹੋਵੇ। ਸਭ ਦੀ ਬੁੱਧੀ ਵਿੱਚ ਇਹ ਗੱਲਾਂ ਠਹਿਰ ਨਹੀਂ ਸਕਦੀਆਂ। ਮਿਹਨਤ ਚਾਹੀਦੀ ਹੈ। ਮਿਹਨਤ ਬਿਗਰ ਕੋਈ ਫ਼ਲ ਥੋੜ੍ਹੀ ਨਾ ਮਿਲ ਸਕਦਾ ਹੈ। ਬਾਪ ਤਾਂ ਪੁਰਸ਼ਾਰਥ ਕਰਵਾਉਂਦੇ ਰਹਿੰਦੇ ਹਨ। ਭਾਵੇਂ ਡਰਾਮੇ ਅਨੁਸਾਰ ਹੀ ਹੁੰਦਾ ਹੈ ਪਰੰਤੂ ਪੁਰਸ਼ਾਰਥ ਤਾਂ ਕਰਨਾ ਹੁੰਦਾ ਹੈ। ਇੰਵੇਂ ਥੋੜ੍ਹੀ ਨਾ ਬੈਠ ਜਾਵਾਂਗੇ - ਡਰਾਮੇ ਵਿੱਚ ਹੋਵੇਗਾ ਤਾਂ ਸਾਡੇ ਕੋਲੋਂ ਪੁਰਸ਼ਾਰਥ ਚਲੇਗਾ। ਅਜਿਹੇ ਵੀ ਜੰਗਲੀ ਖਿਆਲਾਤ ਵਾਲੇ ਬਹੁਤ ਹੁੰਦੇ ਹਨ - ਸਾਡੀ ਤਕਦੀਰ ਵਿੱਚ ਹੋਵੇਗਾ ਤਾਂ ਪੁਰਸ਼ਾਰਥ ਜ਼ਰੂਰ ਚਲੇਗਾ। ਅਰੇ, ਪੁਰਸ਼ਾਰਥ ਤਾਂ ਤੁਸੀਂ ਕਰਨਾ ਹੈ ਪੁਰਸ਼ਾਰਥ ਅਤੇ ਪ੍ਰਾਲਬੱਧ ਹੁੰਦੀ ਹੈ। ਮਨੁੱਖ ਪੁੱਛਦੇ ਹਨ ਪੁਰਸ਼ਾਰਥ ਵੱਡਾ ਜਾਂ ਪ੍ਰਾਲਬੱਧ ਵੱਡੀ? ਹੁਣ ਵੱਡੀ ਤਾਂ ਪ੍ਰਾਲਬੱਧ ਹੁੰਦੀ ਹੈ। ਪਰੰਤੂ ਪੁਰਸ਼ਾਰਥ ਨੂੰ ਵੱਡਾ ਰੱਖਿਆ ਜਾਂਦਾ ਹੈ ਜਿਸ ਨਾਲ ਪ੍ਰਾਲਬੱਧ ਬਣਦੀ ਹੈ। ਹਰ ਇੱਕ ਮਨੁੱਖ ਮਾਤਰ ਨੂੰ ਪੁਰਸ਼ਾਰਥ ਨਾਲ ਹੀ ਸਭ ਕੁਝ ਮਿਲਦਾ ਹੈ। ਕੋਈ ਅਜਿਹੇ ਵੀ ਪਥਰਬੁੱਧੀ ਹੋ ਜਾਂਦੇ ਤਾਂ ਉਲਟਾ ਸਮਝ ਲੈਂਦੇ ਹਨ। ਸਮਝਿਆ ਜਾਂਦਾ ਹੈ ਇਨ੍ਹਾਂ ਦੀ ਤਕਦੀਰ ਵਿੱਚ ਨਹੀਂ ਹੈ। ਟੁੱਟ ਜਾਂਦੇ ਹਨ। ਇੱਥੇ ਬੱਚਿਆਂ ਨੂੰ ਕਿੰਨਾ ਪੁਰਸ਼ਾਰਥ ਕਰਵਾਉਂਦੇ ਹਨ। ਰਾਤ - ਦਿਨ ਸਮਝਾਉਂਦੇ ਰਹਿੰਦੇ ਹਨ। ਆਪਣੇ ਕਰੈਕਟਰਜ਼ ਜ਼ਰੂਰ ਸੁਧਾਰਨੇ ਹਨ।

ਨੰਬਰਵਨ ਕਰੈਕਟਰ ਹੈ ਪਾਵਨ ਬਣਨਾ। ਦੇਵਤੇ ਤਾਂ ਹੈਂ ਹੀ ਪਾਵਨ। ਫੇਰ ਜਦੋਂ ਡਿਗ ਜਾਂਦੇ ਹਨ, ਕਰੈਕਟਰਜ ਵਿਗੜਦੇ ਹਨ ਤਾਂ ਇੱਕਦਮ ਪਤਿਤ ਬਣਨ ਜਾਂਦੇ ਹਨ। ਹੁਣ ਤੁਸੀਂ ਜਾਣਦੇ ਹੋ ਸਾਡਾ ਤਾਂ ਏ ਵਨ ਕਰੈਕਟਰ ਸੀ। ਫੇਰ ਇੱਕਦਮ ਡਿਗ ਗਏ। ਸਾਰਾ ਮਦਾਰ ਹੈ ਪਵਿੱਤਰਤਾ ਤੇ, ਇਸ ਵਿੱਚ ਹੀ ਬਹੁਤ ਮੁਸ਼ਕਲ ਆਉਂਦੀ ਹੈ। ਮਨੁੱਖ ਦੀਆਂ ਅੱਖਾਂ ਬਹੁਤ ਧੋਖਾ ਦਿੰਦਿਆਂ ਹਨ ਕਿਉਂਕਿ ਰਾਵਣ ਦਾ ਰਾਜ ਹੈ। ਉੱਥੇ ਤਾਂ ਅੱਖਾਂ ਧੋਖਾ ਦਿੰਦਿਆਂ ਹੀ ਨਹੀਂ। ਗਿਆਨ ਦਾ ਤੀਸਰਾ ਨੇਤ੍ਰ ਮਿਲ ਜਾਂਦਾ ਹੈ ਇਸ ਲਈ ਰਿਲੀਜਨ ਇਜ਼ ਮਾਈਟ ਕਿਹਾ ਜਾਂਦਾ ਹੈ। ਸ੍ਵਸ਼ਕਤੀਮਾਨ ਬਾਪ ਹੀ ਆਕੇ ਇਹ ਦੇਵੀ - ਦੇਵਤਾ ਧਰਮ ਸਥਾਪਨ ਕਰਦੇ ਹਨ। ਭਾਵੇਂ ਕਰਦੀਆਂ ਤਾਂ ਸਾਰੀਆਂ ਆਤਮਾਵਾਂ ਹਨ ਪ੍ਰੰਤੂ ਮਨੁੱਖ ਦੇ ਰੂਪ ਵਿੱਚ ਕਰਨਗੀਆਂ। ਉਹ ਬਾਪ ਹੈ ਗਿਆਨ ਦਾ ਸਾਗਰ। ਦੇਵਤਿਆਂ ਤੋਂ ਇਹਨਾਂ ਦੀ ਮਹਿਮਾ ਬਿਲਕੁਲ ਵੱਖ ਹੈ। ਤਾਂ ਅਜਿਹੇ ਬਾਪ ਨੂੰ ਕਿਓਂ ਨਹੀਂ ਯਾਦ ਕਰਾਂਗੇ। ਉਨ੍ਹਾਂ ਨੂੰ ਹੀ ਨਾਲੇਜਫੁਲ ਬੀਜ਼ਰੂਪ ਕਿਹਾ ਜਾਂਦਾ ਹੈ। ਉਨ੍ਹਾਂਨੂੰ ਸੱਤ ਚਿਤ ਆਨੰਦ ਕਿਓਂ ਕਿਹਾ ਜਾਂਦਾ ਹੈ? ਝਾੜ ਦਾ ਬੀਜ ਹੈ, ਉਨ੍ਹਾਂ ਨੂੰ ਵੀ ਝਾੜ ਦਾ ਪਤਾ ਤੇ ਹੈ ਨਾ। ਪਰੰਤੂ ਉਹ ਹੈ ਜੜ੍ਹ ਬੀਜ। ਉਨ੍ਹਾਂ ਵਿੱਚ ਆਤਮਾ ਜਿਵੇਂ ਜੜ੍ਹ ਹੈ, ਮਨੁੱਖ ਵਿੱਚ ਹੈ ਚੇਤੰਨ ਆਤਮਾ। ਚੇਤੰਨ ਆਤਮਾ ਨੂੰ ਗਿਆਨ ਦਾ ਸਾਗਰ ਵੀ ਕਿਹਾ ਜਾਂਦਾ ਹੈ। ਝਾੜ ਛੋਟੇ ਤੋਂ ਵੱਡੇ ਹੁੰਦੇ ਹਨ। ਤਾਂ ਜ਼ਰੂਰ ਆਤਮਾ ਹੈ ਪਰੰਤੂ ਬੋਲ ਨਹੀਂ ਸਕਦੀ। ਪਰਮਾਤਮਾ ਦੀ ਮਹਿਮਾ ਕਿੰਨੀ ਹੈ, ਗਿਆਨ ਦਾ ਸਾਗਰ... ਇਹ

ਮਹਿਮਾ ਆਤਮਾ ਹੀ ਨਹੀਂ, ਪਰਮ ਆਤਮਾ ਮਾਨਾ ਪਰਮਾਤਮਾ ਦੀ ਗਾਈ ਜਾਂਦੀ ਹੈ, ਫੇਰ ਉਨ੍ਹਾਂਨੂੰ ਈਸ਼ਵਰ ਆਦਿ ਕਹਿੰਦੇ ਹਨ। ਅਸਲ ਨਾਮ ਹੈ ਪਰਮਪਿਤਾ ਪਰਮਾਤਮਾ। ਪਰਮ ਅਰਥਾਤ ਸੁਪ੍ਰੀਮ। ਮਹਿਮਾ ਵੀ ਬੜੀ ਭਾਰੀ ਕਰਦੇ ਹਨ। ਹੁਣ ਦਿਨ ਪ੍ਰਤੀਦਿਨ ਮਹਿਮਾ ਵੀ ਘੱਟ ਹੁੰਦੀ ਹੈ ਕਿਉਂਕਿ ਪਹਿਲਾਂ ਬੁੱਧੀ ਸਤੋ ਸੀ ਫੇਰ ਰਜੋ, ਤਮੋਪ੍ਰਧਾਨ ਬਣ ਜਾਂਦੀ ਹੈ। ਇਹ ਸਭ ਗੱਲਾਂ ਬਾਪ ਆਕੇ ਸਮਝਾਉਂਦੇ ਹਨ। ਮੈਂ ਹਰ 5 ਹਜ਼ਾਰ ਵਰ੍ਹਿਆਂ ਬਾਦ ਆਕੇ ਪੁਰਾਣੀ ਦੁਨੀਆਂ ਨੂੰ ਨਵੀਂ ਦੁਨੀਆਂ ਬਣਾਉਂਦਾ ਹਾਂ। ਗਾਇਨ ਵੀ ਹੈ ਨਾ ਸਤਿਯੁਗ ਆਦਿ ਹੈ ਵੀ ਸਤ, ਹੋਸੀ ਵੀ ਸਤ ... ਕੋਈ ਪੌੜ੍ਹੀ ਵਧੀਆ ਬਣਾਈ ਹੋਈ ਹੈ ਕਿਉਂਕਿ ਉਹ ਤਾਂ ਫੇਰ ਵੀ ਇੰਨੇ ਪਤਿਤ ਨਹੀਂ ਹਨ। ਪਿੱਛੋਂ ਆਉਣ ਵਾਲੇ ਇੰਨੇ ਪਤਿਤ ਨਹੀਂ ਹੁੰਦੇ। ਭਾਰਤਵਾਸੀ ਬਹੁਤ ਸਤੋਪ੍ਰਧਾਨ ਸਨ, ਉਹ ਹੀ ਫੇਰ ਬਹੁਤ ਜਨਮਾਂ ਦੇ ਅੰਤ ਵਿੱਚ ਸਤੋਪ੍ਰਧਾਨ ਬਣੇ ਹਨ, ਉਹ ਹੀ ਫੇਰ ਬਹੁਤ ਜਨਮਾਂ ਦੇ ਅੰਤ ਵਿੱਚ ਤਮੋਪ੍ਰਧਾਨ ਬਣੇ ਹਨ, ਹੋਰ ਧਰਮ ਸੰਸਥਾਪਕਾਂ ਦੇ ਲਈ ਇੰਵੇਂ ਨਹੀਂ ਕਹਾਂਗੇ। ਉਹ ਨਾ ਇਨ੍ਹਾਂ ਸਤੋਪ੍ਰਧਾਨ ਬਣਦੇ, ਨਾ ਇਤਨਾ ਤਮੋਪ੍ਰਧਾਨ ਬਣਨਾ ਹੈ। ਨਾ ਬਹੁਤ ਸੁੱਖ ਵੇਖਿਆ ਹੈ ਨਾ ਬਹੁਤ ਦੁੱਖ ਵੇਖਣਗੇ। ਸਭਤੋਂ ਜ਼ਿਆਦਾ ਤਮੋਪ੍ਰਧਾਨ ਬੁੱਧੀ ਕਿਸਦੀ ਬਣੀ ਹੈ? ਜੋ ਪਹਿਲੇ - ਪਹਿਲੇ ਦੇਵਤਾ ਸਨ, ਉਹ ਹੀ ਸਭ ਧਰਮਾਂ ਨਾਲੋਂ ਜ਼ਿਆਦਾ ਡਿਗੇ ਹਨ। ਭਾਵੇਂ ਭਾਰਤ ਦੀ ਮਹਿਮਾ ਕਰਦੇ ਹਨ ਕਿਉਂਕਿ ਬਹੁਤ ਪੁਰਾਣਾ ਹੈ। ਵਿਚਾਰ ਕੀਤਾ ਜਾਵੇ ਤਾਂ ਇਸ ਵਕ਼ਤ ਭਾਰਤ ਬਹੁਤ ਡਿੱਗਿਆ ਹੋਇਆ ਹੈ। ਉਥਾਨ ਅਤੇ ਪਤਨ ਭਾਰਤ ਦਾ ਹੀ ਹੈ ਅਰਥਾਤ ਦੇਵੀ - ਦੇਵਤਾਵਾਂ ਦਾ ਹੈ। ਇਹ ਬੁੱਧੀ ਨਾਲ ਕੰਮ ਲੈਣਾ ਹੈ। ਅਸੀਂ ਸੁੱਖ ਵੀ ਬਹੁਤ ਦੇਖੇ ਹਨ ਜਦੋਂ ਸਤੋਪ੍ਰਧਾਨ ਸੀ, ਫੇਰ ਦੁੱਖ ਵੀ ਬਹੁਤ ਦੇਖੇ ਹਨ ਕਿਉਂਕਿ ਤਮੋਪ੍ਰਧਾਨ ਹਾਂ। ਮੁੱਖ ਹੈ ਹੀ 4 ਧਰਮ - ਡਿਟੀਜ਼ਮ, ਇਸਲਾਮੀਜ਼ਮ, ਬੁੱਧਜਿਮ ਅਤੇ ਕ੍ਰਿਸ਼ਚਨੀਜ਼ਮ। ਬਾਕੀ ਇਨ੍ਹਾਂ ਨਾਲ ਵਾਧਾ ਹੁੰਦਾ ਗਿਆ ਹੈ। ਇਨ੍ਹਾਂ ਭਰਤਵਾਸੀਆਂ ਨੂੰ ਤਾਂ ਪਤਾ ਹੀ ਨਹੀਂ ਲਗਦਾ ਕਿ ਅਸੀਂ ਕਿਸ ਧਰਮ ਦੇ ਹਾਂ। ਧਰਮ ਦਾ ਪਤਾ ਨਾ ਹੋਣ ਦੇ ਕਾਰਨ ਧਰਮ ਹੀ ਛੱਡ ਦਿੰਦੇ ਹਨ। ਅਸਲ ਵਿੱਚ ਸਭ ਤੋਂ ਮੁੱਖ ਧਰਮ ਹੈ ਇਹ। ਪਰੰਤੂ ਆਪਣੇ ਧਰਮ ਨੂੰ ਭੁੱਲ ਗਏ ਹਨ। ਜੋ ਸਮਝੂ ਸਿਆਣੇ ਹਨ ਉਹ ਸਮਝਦੇ ਹਨ ਇਨ੍ਹਾਂ ਦਾ ਆਪਣੇ ਧਰਮ ਵਿੱਚ ਇਮਾਨ (ਵਿਸ਼ਵਾਸ਼ ) ਨਹੀਂ ਹੈ। ਨਹੀਂ ਤਾਂ ਭਾਰਤ ਕੀ ਸੀ, ਹੁਣ ਕੀ ਬਣਿਆ ਹੈ! ਬਾਪ ਬੈਠ ਸਮਝਾਉਂਦੇ ਹਨ - ਬੱਚੇ ਤੁਸੀਂ ਕੀ ਸੀ! ਸਾਰੀ ਹਿਸਟ੍ਰੀ ਬੈਠ ਸਮਝਾਉਂਦੇ ਹਨ। ਤੁਸੀਂ ਦੇਵਤਾ ਸੀ, ਅਧਾਕਲਪ ਰਾਜ ਕੀਤਾ ਫੇਰ ਅਧਾਕਲਪ ਦੇ ਬਾਦ ਰਾਵਣ ਰਾਜ ਵਿੱਚ ਤੁਸੀਂ ਧਰਮ ਭ੍ਰਿਸ਼ਟ, ਕਰਮ ਭ੍ਰਿਸ਼ਟ ਬਣ ਗਏ। ਹੁਣ ਫੇਰ ਤੁਸੀਂ ਦੈਵੀ ਸੰਪਰਦਾਇ ਦੇ ਬਣ ਰਹੇ ਹੋ। ਭਗਵਾਨੁਵਾਚ, ਬਾਪ ਕਲਪ - ਕਲਪ ਤੁਹਾਨੂੰ ਬੱਚਿਆਂ ਨੂੰ ਹੀ ਸਮਝਾਕੇ ਈਸ਼ਵਰੀਏ ਸੰਪਰਦਾਇ ਬਣਾਉਂਦੇ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੇ ਦਿਲ ਦੀ ਸਫ਼ਾਈ ਨਾਲ ਬਾਪ ਦੇ ਵੰਡਰਫੁਲ ਗਿਆਨ ਨੂੰ ਜੀਵਨ ਵਿੱਚ ਧਾਰਨ ਕਰਨਾ ਹੈ, ਪੁਰਸ਼ਾਰਥ ਨਾਲ ਉੱਚ ਪ੍ਰਾਲਬੱਧ ਬਣਾਉਣੀ ਹੈ। ਡਰਾਮਾ ਕਹਿ ਕੇ ਠਹਿਰ ਨਹੀ ਜਾਣਾ ਹੈ।

2. ਰਾਵਣ ਰਾਜ ਵਿੱਚ ਕ੍ਰਿਮੀਨਲ ਅੱਖਾਂ ਦੇ ਧੋਖੇ ਤੋਂ ਬਚਣ ਲਈ ਗਿਆਨ ਦੇ ਤੀਸਰੇ ਨੇਤਰ ਨਾਲ ਵੇਖਣ ਦਾ ਅਭਿਆਸ ਕਰਨਾ ਹੈ। ਪਵਿੱਤਰਤਾ ਜੋ ਨੰਬਰਵਨ ਕਰੈਕਟਰ ਹੈ ਉਸਨੂੰ ਵੀ ਧਾਰਨ ਕਰਨਾ ਹੈ।

ਵਰਦਾਨ:- ਬ੍ਰਾਹਮਣ ਜਨਮ ਦੀ ਜਨਮਪਤ੍ਰੀ ਨੂੰ ਜਾਣ ਸਦਾ ਖੁਸ਼ੀ ਵਿੱਚ ਰਹਿਣ ਵਾਲੇ ਸ਼੍ਰੇਸ਼ਠ ਭਗਵਾਨ ਭਵ

ਬ੍ਰਾਹਮਣ ਜੀਵਨ ਨਵਾਂ ਜੀਵਨ ਹੈ, ਬ੍ਰਾਹਮਣ ਆਦਿ ਵਿੱਚ ਦੇਵੀ - ਦੇਵਤਾ ਹੈ ਆਏ ਹੁਣ ਬੀ.ਕੇ. ਹਨ। ਬ੍ਰਾਹਮਣਾਂ ਦੀ ਜਨਮ ਪਤ੍ਰੀ ਵਿੱਚ ਤਿੰਨੋਂ ਹੀ ਕਾਲ ਚੰਗੇ ਤੋਂ ਚੰਗੇ ਹਨ। ਜੋ ਹੋਇਆ ਉਹ ਵੀ ਚੰਗਾ ਅਤੇ ਜੋ ਹੋ ਰਿਹਾ ਹੈ ਉਹ ਹੋਰ ਚੰਗਾ ਅਤੇ ਜੋ ਹੋਣ ਵਾਲਾ ਹੈ ਉਹ ਬਹੁਤ - ਬਹੁਤ ਵਧੀਆ। ਬ੍ਰਾਹਮਣ ਜੀਵਨ ਦੀ ਜਨਮ ਪਤ੍ਰੀ ਸਦਾ ਹੀ ਚੰਗੀ ਹੈ, ਗਰੰਟੀ ਹੈ। ਤਾਂ ਸਦਾ ਇਸੀ ਖੁਸ਼ੀ ਵਿੱਚ ਰਹੋ ਕਿ ਖੁਦ ਭਾਗ ਵਿਧਾਤਾ ਬਾਪ ਨੇ ਭਾਗ ਦੀ ਸ਼੍ਰੇਸ਼ਠ ਰੇਖਾ ਖਿੱਚ ਦਿੱਤੀ, ਆਪਣਾ ਬਣਾ ਲਿਆ।

ਸਲੋਗਨ:- ਇਕਰਸ ਸਥਿਤੀ ਦਾ ਅਨੁਭਵ ਕਰਨਾ ਹੈ ਤਾਂ ਇਕ ਬਾਪ ਨਾਲ ਸਰਵ ਸੰਬੰਧਾਂ ਦਾ ਰਸ ਲਵੋ

******